# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**

**ਫੈਕਸ:0172-2624687 ਈ-ਮੇਲssapunjab@yahoo.com**


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਵੈਬਸਾਇਟ ਰਾਹੀਂ)
ਸਮੂਹ ਸਕੂਲ ਮੁਖੀ (ਵੈਬਸਾਇਟ ਰਾਹੀਂ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2010/77148
ਮਿਤੀ ਚੰਡੀਗੜ੍ਹ 23.12.2010

**ਵਿਸ਼ਾ: ਸਵੇਰ ਦੀ ਸਭਾ ਵਿੱਚ ਕਰਵਾਈਆਂ ਜਾਣ ਵਾਲੀਆਂ ਕ੍ਰਿਆਵਾਂ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਸਵੇਰ ਸਭਾ ਦੀ ਸਕੂਲ ਦੇ ਲਈ ਬਹੁਤ ਮਹੱਤਤਾ ਹੈ ਅਤੇ ਸਵੇਰ ਦੀ ਸਭਾ ਲਈ ਸਕੂਲ ਅਧਿਆਪਕਾਂ ਵੱਲੋਂ ਵੱਖ-ਵੱਖ ਗਤੀਵਿਧੀਆਂ ਇਸ ਸਮੇਂ ਦੌਰਾਨ ਕਰਵਾਈਆਂ ਜਾਣੀਆਂ ਬਣਦੀਆਂ ਹਨ। ਸਵੇਰ ਦੀ ਸਭਾ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਅਧਿਆਪਕ ਹੇਠ ਲਿਖੇ ਅਨੁਸਾਰ ਇਹਨਾਂ ਗਤੀਵਿਧੀਆਂ ਨੂੰ ਕਰਵਾਉਣਾ ਯਕੀਨੀ ਬਣਾਉਣਗੇ: -

(ੳ) ਸਵੇਰ ਦੀ ਸਭਾ ਲਈ ਸਮਾਂ : 30 ਮਿੰਟ, ਦੋ ਘੰਟੀਆਂ ਵਜਵਾਈਆਂ ਜਾਣ ਪਹਿਲੀ ਘੰਟੀ 8:50 ਤੇ ਦੂਸਰੀ ਸਹੀ 9:00 ਵਜੇ।

(ਅ) ਸਭ ਤੋਂ ਪਹਿਲਾਂ ਸਵੇਰ ਦੀ ਸਭਾ ਵਿਚ ਪ੍ਰਾਰਥਨਾ ਕਰਵਾਈ ਜਾਵੇ।

(ੲ) ਅੱਜ ਦੇ ਵਿਚਾਰ ਲਈ ਹਰ ਰੋਜ਼ ਨਵਾਂ ਬੱਚਾ ਇਹ ਵਿਚਾਰ ਪੜ੍ਹੇਗਾ।ਇਸ ਵਾਸਤੇ ਅਧਿਆਪਕ ਇਕ ਦਿਨ ਪਹਿਲਾਂ ਹੀ ਬੱਚੇ ਦੀ ਤਿਆਰੀ ਕਰਵਾ ਲਏ।

(ਸ) ਜਮਾਤ ਅਨੁਸਾਰ ਮੁਹਾਰਨੀ, ਪਹਾੜੇ, ਅੱਜ ਦਾ ਵਿਚਾਰ ਆਦਿ ਕ੍ਰਿਆਵਾਂ ਕਰਵਾਉਣ ਲਈ ਬੱਚਿਆਂ ਦਾ ਅਧਿਆਪਕ ਦੁਆਰਾ ਇਕ ਰੋਸਟਰ ਬਣਾ ਲਿਆ ਜਾਵੇ ਅਤੇ ਵਾਰੀ ਅਨੁਸਾਰ ਬੱਚਿਆਂ ਤੋਂ ਗਤੀਵਿਧੀਆਂ ਕਰਵਾਈਆਂ ਜਾਣ।

(ਹ) ਮੁਹਾਰਨੀ (ਪੰਜ ਅੱਖਰ, ਪੰਜ ਬੱਚੇ, ਪੰਜ ਜਮਾਤਾਂ, ਪਹਿਲੀ ਦੂਜੀ ਜਮਾਤ ਨੂੰ ਸਿੱਧੀ ਮੁਹਾਰਨੀ, ਤੀਜੀ ਜਮਾਤ ਨੂੰ ਭੁਲਾਵੀਂ ਮੁਹਾਰਨੀ, ਚੌਥੀ ਅਤੇ ਪੰਜਵੀਂ ਜਮਾਤ ਨੂੰ ਮੁਹਾਰਨੀ ਤੋਂ ਸ਼ਬਦਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਣ)।

(ਕ) ਅਧਿਆਪਕ ਚੌਥੀ, ਪੰਜਵੀਂ ਜਮਾਤ ਨੂੰ ਵੱਖ ਕਰਕੇ ਇਹਨਾਂ ਦਾ ਅੰਗਰੇਜ਼ੀ ਦਾ ਅਭਿਆਸ ਕਰਵਾਉਣ।

(ਖ) ਅੰਗਰੇਜ਼ੀ ਵਿੱਚ ਇੰਟਰੋਡੱਕਸ਼ਨ(ਪੰਜ ਬੱਚੇ, ਪੰਜ ਜਮਾਤਾਂ, ਸੈਲਫ, ਫਾਦਰ, ਮਦਰ ਅਤੇ ਸਕੂਲ ਸਬੰਧੀ ਇੰਟਰੋਡੱਕਸ਼ਨ ਕਰਵਾਈ ਜਾਏ)।

(ਗ) ਪਹਾੜੇ (ਪੰਜ ਬੱਚੇ, ਪੰਜ ਪਹਾੜੇ, ਪੰਜ ਜਮਾਤਾਂ, ਜਮਾਤ ਦੇ ਟੀਚਿਆਂ ਅਨੁਸਾਰ ਕਰਵਾਏ ਜਾਣ)।

(ਚੱਲਦਾ ਪੰਨਾ ਨੰ. 02)

(ਘ) ਅੰਬਰ ਵੱਲ ਪ੍ਰਵਾਜ਼/ਗਿਆਨ ਰਿਸ਼ਮਾਂ/ਰੀਡਿੰਗ ਸੈੱਲ ਵਿੱਚ ਆਈ ਕੋਈ ਵੀ ਨਵੀਂ ਕਿਤਾਬ (ਅਧਿਆਪਕ ਵੱਲੋਂ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਜਾਵੇ)।

(ਙ) ਰਾਸ਼ਟਰੀ ਗਾਣ ਸ਼ੁੱਧ ਉਚਾਰਣ ਵਿਚ ਹੋਵੇ ਅਤੇ ਹਰ ਇਕ ਬੱਚੇ ਨੂੰ ਇਹ ਯਾਦ ਹੋਣਾ ਚਾਹੀਦਾ ਹੈ।

(ਚ) ਆਪਸ਼ਨਲ ਗਤੀਵਿਧੀਆਂ (ਰਾਇਮਜ਼/ਐਕਸਰਸਾਇਜ਼/ਆਲ੍ਹੇ-ਭੋਲ੍ਹੇ ਜਾਂ ਕਿਸੇ ਹੋਰ ਮੈਗਜ਼ੀਨ ਵਿੱਚੋਂ ਬੱਚੇ ਦੁਆਰਾ ਕਵਿਤਾ ਪਾਠ)।

3.0 ਸਾਰੇ ਅਧਿਆਪਕਾਂ ਦਾ ਸਵੇਰ ਦੀ ਸਭਾ 'ਚ ਬੱਚਿਆਂ ਨਾਲ ਹਾਜ਼ਰ ਹੋਣਾ ਜ਼ਰੂਰੀ ਹੈ।

4.0 ਸਵੇਰ ਦੀ ਸਭਾ ਵਿਚ ਬੱਚਿਆਂ ਤੋਂ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਲਈ ਅਧਿਆਪਕ ਦੁਆਰਾ ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇਗਾ ਕਿ ਹਰ ਰੋਜ਼ ਬੱਚੇ ਬਦਲਵੇਂ ਤੌਰ ਤੇ ਇਹਨਾਂ ਗਤੀਵਿਧੀਆਂ ਵਿੱਚ ਭਾਗ ਲੈ ਰਹੇ ਹਨ। ਚੰਗਾ ਹੋਵੇਗਾ ਜੇਕਰ ਅਧਿਆਪਕ ਇਹਨਾਂ ਨੂੰ ਇਕ ਦਿਨ ਪਹਿਲਾਂ ਹੀ ਸਵੇਰ ਦੀ ਸਭਾ ਵਿੱਚ ਬੋਲਣ ਲਈ ਤਿਆਰੀ ਕਰਵਾ ਲੈਣ। ਤਾਂ ਜੋ ਬੱਚਿਆਂ ਅੰਦਰ ਆਤਮ-ਵਿਸ਼ਵਾਸ਼ ਪੈਦਾ ਹੋ ਸਕੇ।

5.0 ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ, ਬੀ.ਐਮ.ਟੀ, ਸੀ.ਐਮ.ਟੀ., ਬੀ.ਪੀ.ਈ.ਓ. ਸਵੇਰ ਦੀ ਸਭਾ ਲਈ ਸਪੈਸ਼ਲ ਤੌਰ ਤੇ ਮੁਨੀਟਰਿੰਗ ਕਰਨਗੇ ਅਤੇ ਹਰੇਕ ਸਕੂਲ ਅੰਦਰ ਇਹਨਾਂ ਗਤੀਵਿਧੀਆਂ ਦਾ ਹੋਣਾ ਯਕੀਨੀ ਬਣਾਉਣਗੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 77149 ਮਿਤੀ 23.12.2010

ਉਤਾਰਾ : (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**